Office of Deputy Commissioner, Fazilka

ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ

(ਫੁੱਟਕਲ ਸ਼ਾਖਾ)

---

ਹੁਕਮ :

**Covid-19** (ਕੋਰੋਨਾ ਵਾਇਰਸ) ਵੱਲੋਂ ਪੂਰੇ ਦੇਸ਼ ਵਿਚ ਦਹਿਸ਼ਤ ਫੈਲਾਈ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿਚ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰਬਰ ਐਮ.ਸੀ-1/ਐਮ.ਏ./2020/ 4370-92/ ਮਿਤੀ 23-03-2020 ਰਾਹੀਂ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਮਿਤੀ 23-03-2020 ਤੋਂ ਮਿਤੀ 31-03-2020 ਤੱਕ ਕਰਫਿਊ ਦੇ ਆਦੇਸ਼ ਦਿੱਤੇ ਸਨ।

ਸਰਕਾਰ ਵੱਲੋਂ ਆਮ ਜਨਤਾਂ ਨੂੰ ਮਹਾਂਮਾਰੀ ਤੋਂ ਬਚਾਉਣ ਲਈ, ਸਾਵਧਾਨੀ ਵਰਤਦੇ ਹੋਏ ਰਾਜ ਵਿਚ ਤਾਲਾ-ਬੰਦੀ ਦੇ ਨਾਲ-2 ਕਰਫਿਊ ਵੀ ਜਾਰੀ ਰੱਖਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਵਿਚ ਜ਼ਿਲ੍ਹਾ ਫਾਜ਼ਿਲਕਾ ਵਿਚ ਵੀ ਤਾਲਾ-ਬੰਦੀ ਅਤੇ ਕਰਫਿਊ ਮਿਤੀ 14-04-2020 ਤੱਕ ਵਧਾਇਆ ਗਿਆ ਹੈ।

ਜ਼ਿਲ੍ਹਾ ਫਾਜ਼ਿਲਕਾ ਵਿਚ ਤਾਲਾ-ਬੰਦੀ ਅਤੇ ਕਰਫਿਊ ਨੂੰ ਪੂਰਨ ਤੌਰ ਤੇ ਲਾਗੂ ਕਰਨ ਲਈ ਆਮ ਜਨਤਾ ਨੂੰ ਘਰਾਂ ਤੋਂ ਬਾਹਰ ਜਾਣ ਤੋਂ ਰੋਕਣ ਦੇ ਮੰਤਵ ਲਈ, ਜ਼ਿਲ੍ਹਾ ਫਾਜ਼ਿਲਕਾ ਵਿਚ ਆਰਜ਼ੀ ਜੇਲ੍ਹਾਂ ਜੋ ਕਿ ਕ੍ਰਮਵਾਰ 1) ਬਹੁ ਮੰਤਵੀ ਖੇਡ ਸਟੇਡੀਅਮ ਜਲਾਲਾਬਾਦ 2) ਬਹੁ ਮੰਤਵੀ ਖੇਡ ਸਟੇਡੀਅਮ ਫਾਜ਼ਿਲਕਾ 3) ਡੀ.ਏ.ਵੀ ਕਾਲਜ ਦਾ ਆਡੀਟੋਰੀਅਮ ਹਾਲ ਅਬੋਹਰ ਲਈ ਬਣਾਈਆਂ ਜਾਂਦੀਆਂ ਹਨ ਅਤੇ ਸੁਪਰਡੰਟ ਸਬ ਜੇਲ੍ਹ ਫਾਜ਼ਿਲਕਾ ਨੂੰ ਓਵਰਆਲ ਇੰਚਾਰਜ ਲਗਾਇਆ ਜਾਂਦਾ ਹੈ। ਹੇਠ ਲਿਖੇ ਅਨੁਸਾਰ ਕਾਲਮ ਨੰ. 2 ਵਿਚ ਦਰਸਾਈਆਂ ਗਈਆਂ ਬਿਲਡਿੰਗਾਂ ਲਈ ਆਰਜੀ ਜੇਲ੍ਹਾ ਦੇ ਸਾਹਮਣੇ ਦਰਸਾਏ ਅਧਿਕਾਰੀਆਂ ਨੂੰ ਸੁਪਰਡੰਟ ਸਬ ਜੇਲ੍ਹ, ਫਾਜ਼ਿਲਕਾ ਦੀ ਸਹਾਇਤਾ ਕਰਨ ਲਈ ਲਗਾਇਆ ਜਾਂਦਾ ਹੈ :-

| ਲੜੀ ਨੰ. | ਆਰਜੀ ਜੇਲ੍ਹ ਦਾ ਸਥਾਨ | ਅਧਿਕਾਰੀ ਦਾ ਨਾਮ ਅਤੇ ਆਹੁੱਦਾ |
|---|---|---|
| 1 | 2 | 3 |
| 1 | ਬਹੁ ਮੰਤਵੀ ਖੇਡ ਸਟੇਡੀਅਮ, ਜਲਾਲਾਬਾਦ | ਉਪ ਕਪਤਾਨ ਪੁਲਿਸ, ਜਲਾਲਾਬਾਦ |
| 2 | ਬਹੁ ਮੰਤਵੀ ਖੇਡ ਸਟੇਡੀਅਮ, ਫਾਜ਼ਿਲਕਾ | ਉਪ ਕਪਤਾਨ ਪੁਲਿਸ (ਡੀ), ਫਾਜ਼ਿਲਕਾ |
| 3 | ਡੀ.ਏ.ਵੀ ਕਾਲਜ ਦਾ ਆਡੀਟੋਰੀਅਮ ਹਾਲ, ਅਬੋਹਰ | ਕਪਤਾਨ ਪੁਲਿਸ, ਅਬੋਹਰ |

Office of the Distt. Magistrate FAZILKA

ਇਹ ਹੁਕਮ ਅੱਜ ਮਿਤੀ 02-04-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

ਪਿੱਠ ਅੰਕਣ ਨੰਬਰ :- 5786-96 /ਐਮ.ਸੀ.3/ਐਮ.ਏ. ਮਿਤੀ 02-04-2020

ਇਸ ਦਾ ਇੱਕ ਉਤਾਰਾ

1) ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਗ੍ਰਹਿ ਅਤੇ ਨਿਆਂ ਵਿਭਾਗ, ਪੰਜਾਬ ਚੰਡਗੀੜ੍ਹ ਜੀ ਨੂੰ ਪ੍ਰਵਾਨਗੀ ਹਿੱਤ ਭੇਜਿਆ ਜਾਂਦਾ ਹੈ।
2) ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ।
3) ਵਧੀਕ ਡਿਪਟੀ ਕਮਿਸ਼ਨਰ (ਜਨ) / (ਵਿਕਾਸ) ਫਾਜ਼ਿਲਕਾ ।
4) ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਾਜ਼ਿਲਕਾ।
5) ਸੁਪਰਡੰਟ, ਸਬ ਜੇਲ੍ਹ, ਫਾਜ਼ਿਲਕਾ।
6) ਜ਼ਿਲ੍ਹਾ ਖੇਡ ਅਫ਼ਸਰ, ਫਾਜ਼ਿਲਕਾ।
7) ਪ੍ਰਿੰਸੀਪਲ ਡੀ.ਏ.ਵੀ.ਕਾਲਜ ਅਬੋਹਰ।
6) ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ, ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾ: ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScanner